Exam.Code:0021
Sub. Code: 0861

2012
Bachelor of Business Administration
First Semester
BBA-101A: Punjabi

Time allowed: 3 Hours Max. Marks: 45

ਨੋਟ:- ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਦੇ ਉੱਤਰ ਢੁੱਕਵੇਂ ਹੋਣੇ ਚਾਹੀਦੇ ਹਨ।

*x-x-x*

1. ਹੇਠ ਲਿਖੇ ਕਾਵਿ-ਟੋਟੇ ਵਿਚੋਂ ਕਿਸੇ ਇੱਕ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ- (5 ਅੰਕ)

- ਹਾਇ ਨਾ ਧਰੀਕ ਸਾਨੂੰ, ਹਾਇ ਵੇ ਨਾ ਮਾਰ ਖਿੱਚਾਂ।
  ਹਾਇ ਨਾ ਵਿਛੋੜ ਗਲ ਲੱਗਿਆਂ ਨੂੰ ਪਾਪੀਆ !
  ਹਾਇ ਨਾ ਤਣੁੱਕੇ ਮਾਰੀ ! ਖਿੱਚ ਨਾ ਫਟੱਕੇ ਦੇ ਦੇ,
  ਵਰ੍ਹਿਆਂ ਦੀ ਲੱਗੀ ਸਾਡੀ, ਤੋੜ ਨਾ ਸਰਾਪੀਆ !
  ਹਾਇ ਨਾ ਵਲੂੰਧਰੀਂ ਵੇ ! ਸੁੱਟੀ ਨਾ ਉਤਾਰ ਭੁੰਞੇ,
  ਸੱਜਨ ਗਲੋਂ ਟੁੱਟੀਆਂ, ਹੋ ਜਾਸਾਂ ਇਕਲਾਪੀਆ !

- ਓਏ ! ਮਜ਼ੂਰ ਚੰਗੇ ਲੱਗਦੇ !
  ਨਿੱਕੇ ਨਿੱਕੇ ਖ਼ਿਆਲ ਇਨ੍ਹਾਂ ਦੇ,
  ਉਨ੍ਹਾਂ ਵਿਚ ਢਲੀਆ ਇਨ੍ਹਾਂ ਦੀਆਂ ਜ਼ਿੰਦਗੀਆਂ,
  ਸਾਦੇ ਸਾਦੇ ਚਿਹਰੇ, ਬੇਨਿਕਾਬ ਜਿਹੇ,
  ਨ ਛਪਦੇ ਨ ਛੁਪਾਂਦੇ ਕੁਝ ਆਪਣਾ।

2. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇੱਕ ਦਾ ਸਾਰ ਜਾਂ ਕੇਂਦਰੀ ਭਾਵ ਲਿਖੋ - (5 ਅੰਕ)

- ਪਿੰਜਰੇ ਪਿਆ ਪੰਛੀ
- ਪੰਜਾਬ ਦੇ ਦਰਿਆ
- ਵਿਸਾਖੀ ਦਾ ਮੇਲਾ
- ਸੁਨੇਹੁੜੇ

3. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਦਾ ਸਾਰ ਲਿਖੋ - (5 ਅੰਕ)

- ਆਲ੍ਹਣੇ ਦੇ ਬੋਟ
- ਭੱਤਾ
- ਜੀਨਤ ਆਪਾ

4. ਹੇਠ ਲਿਖੇ ਕਿੱਸੇ ਇਕ ਕਵੀ ਜਾਂ ਕਹਾਣੀਕਾਰ ਦਾ ਜੀਵਨ, ਰਚਨਾ ਅਤੇ ਯੋਗਦਾਨ ਸਬੰਧੀ ਚਰਚਾ ਕਰੋ (8 ਅੰਕ)

- ਭਾਈ ਵੀਰ ਸਿੰਘ
- ਕਰਤਾਰ ਸਿੰਘ ਦੁੱਗਲ

*P.T.O.*

5. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇੱਕ ਉਪਰ ਲੇਖ ਲਿਖੋ – (7 ਅੰਕ)

- ਨੌਜਵਾਨਾਂ ਦੀ ਵਿਦੇਸ਼ਾਂ ਵਲ ਦੌੜ।
- ਮਹਿੰਗਾਈ।
- ਸੰਚਾਰ ਦੇ ਸਾਧਨਾਂ ਦੀ ਭੂਮਿਕਾ।
- ਇੰਟਰਨੈੱਟ।

6. ਹੇਠ ਲਿਖੇ ਵਾਕਾਂ ਵਿਚੋਂ 7 ਵਾਕਾਂ ਨੂੰ ਸੋਧ ਕਰਕੇ ਲਿਖੋ – (7 ਅੰਕ)

- ਮੇਰੇ ਪਾਸ ਬਹਿਗੁਰੂ ਦਾ ਦਿਤਾ ਬਥੇਰਾ ਕੁਜ ਹੈ
- ਰੋਬ ਥੋਨੂੰ ਭਾਗ ਲਾਵੇ, ਉਮਰਾਂ ਬੱਡੀਆਂ ਕਰੇ
- ਤੁਸੀਂ ਕੀ ਮੇਰਾ ਕੰਮ ਕਰ ਦਿਉਗੇ।
- ਠਨਡੀ ਜੰਗ ਸੰਸਾਰ ਵਿੱਚ ਹਮੇਸ਼ਾ ਚਲਦੀ ਰਹਿਨਦੀ ਹੈ
- ਦੇਬੀ ਦੇਬਤੇਆਂ ਵਾਲਾ ਯੁਗ ਗੁਜ਼ਰ ਚੁੱਕਾ ਹੈ।
- ਦਰਿਆਵਾਂ ਦੇ ਕੰਨਡਿਆਂ ਤੇ ਪਾਨੀ ਚੜ ਆਇਆ ਹੈ
- ਉਹ ਪਟਿਆਲਾ ਜਾਨਾ ਹੈ
- ਅਸਾਂ ਨੇ ਸਵੇਰ ਤੋਂ ਲੈ ਕੇ ਸ਼ਾਮ ਤੱਕ ਖੇਡਦੇ ਸਨ।
- ਸੁਰੀਲੀ ਕੁੜੀ ਸੁੰਦਰ ਗਾਉਂਦਾ ਹੈ
- ਸੂਰਜ ਨਿਕਲਿਆ ਤੇ ਧੁੰਦ ਪੈ ਗਈ।

7. ਹੇਠ ਲਿਖੇ ਤਕਨੀਕੀ ਸ਼ਬਦਾਂ ਵਿਚੋਂ ਕਿਸੇ 8 ਦਾ ਪੰਜਾਬੀ ਅਨੁਵਾਦ ਕਰੋ – (8 ਅੰਕ)

- Audit
- Average
- Broker
- Census
- Commerce
- Demand for payment
- Discount Rate
- Firm
- Fixed Capital
- Human Capital

x-x-x